# 21st India-Russia Annual Summit

November 26, 2021

..................................

## ਭਾਰਤ-ਰੂਸ ਦਰਮਿਆਨ 21ਵਾਂ ਸਾਲਾਨਾ ਸਿਖਰ ਸੰਮੇਲਨ

**26 ਨਵੰਬਰ, 2021**

ਰੂਸੀ ਸੰਘ ਦੇ ਪ੍ਰਧਾਨ ਮਹਾਮਹਿਮ ਸ਼੍ਰੀ ਵਲਾਦੀਮੀਰ ਪੁਤਿਨ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨਾਲ 21ਵੇਂ ਭਾਰਤ-ਰੂਸ ਸਾਲਾਨਾ ਸਿਖਰ ਸੰਮੇਲਨ ਵਿੱਚ ਭਾਗ ਲੈਣ ਲਈ 6 ਦਸੰਬਰ, 2021 ਨੂੰ ਨਵੀਂ ਦਿੱਲੀ ਦਾ ਅਧਿਕਾਰਤ ਦੌਰਾ ਕਰਨਗੇ।

ਪਿਛਲਾ ਭਾਰਤ-ਰੂਸ ਸਾਲਾਨਾ ਸਿਖਰ ਸੰਮੇਲਨ ਸਤੰਬਰ, 2019 ਵਿੱਚ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦੇ ਵਲਾਦੀਵੋਸਤੋਕ (ਰੂਸ)  ਦੇ ਦੌਰੇ ਦੌਰਾਨ ਹੋਇਆ ਸੀ। ਕੋਵਿਡ-19 ਮਹਾਂਮਾਰੀ ਦੀ ਸਥਿਤੀ ਕਾਰਨ 2020 ਵਿੱਚ ਸਾਲਾਨਾ ਸੰਮੇਲਨ ਨਹੀਂ ਹੋ ਸਕਿਆ ਸੀ।

ਨਵੰਬਰ, 2019 ਵਿੱਚ ਬ੍ਰਾਸੀਲੀਆ ਵਿੱਚ ਹੋਏ ਬ੍ਰਿਕਸ ਸਿਖਰ ਸੰਮੇਲਨ ਦੇ ਹਾਸ਼ੀਏ 'ਤੇ ਮੁਲਾਕਾਤ ਹੋਣ ਤੋਂ ਬਾਅਦ ਦੋਵਾਂ ਨੇਤਾਵਾਂ ਵਿਚਕਾਰ ਇਹ ਪਹਿਲੀ ਆਹਮੋ-ਸਾਹਮਣੇ ਮੁਲਾਕਾਤ ਹੋਵੇਗੀ। ਬਹੁਪੱਖੀ ਸੰਮੇਲਨਾਂ ਲਈ ਹੋਈਆਂ ਵਰਚੁਅਲ ਮੀਟਿੰਗਾਂ ਤੋਂ ਛੁੱਟ ਨਵੰਬਰ, 2019 ਤੋਂ ਹੁਣ ਤੱਕ ਦੋਵਾਂ ਨੇਤਾਵਾਂ ਵਿਚਕਾਰ 6 ਵਾਰ ਟੈਲੀਫੋਨ 'ਤੇ ਗੱਲਬਾਤ ਹੋ ਚੁੱਕੀ ਹੈ।

ਦੋਵੇਂ ਆਗੂ ਦੁਵੱਲੇ ਸਬੰਧਾਂ ਦੀ ਸਥਿਤੀ ਅਤੇ ਸੰਭਾਵਨਾਵਾਂ ਦੀ ਸਮੀਖਿਆ ਕਰਨਗੇ ਅਤੇ ਦੋਵਾਂ ਦੇਸ਼ਾਂ ਦੀ ਰਣਨੀਤਕ ਸਾਂਝੇਦਾਰੀ ਨੂੰ ਹੋਰ ਮਜ਼ਬੂਤ ਕਰਨ ਦੇ ਤਰੀਕਿਆਂ ਬਾਰੇ ਚਰਚਾ ਕਰਨਗੇ। ਸਿਖਰ ਸੰਮੇਲਨ ਨਾਲ ਆਪਸੀ ਹਿੱਤਾਂ ਦੇ ਖੇਤਰੀ, ਬਹੁਪੱਖੀ ਅਤੇ ਆਲਮੀ ਮੁੱਦਿਆਂ 'ਤੇ ਵਿਚਾਰ ਵਟਾਂਦਰਾ ਕਰਨ ਦਾ ਮੌਕਾ ਵੀ ਮਿਲੇਗਾ।

ਇਹ ਦੌਰਾ ਭਾਰਤ ਅਤੇ ਰੂਸ ਵਿੱਚ ਵਾਰੀ-ਵਾਰੀ ਸਾਲਾਨਾ ਸਿਖਰ ਸੰਮੇਲਨ ਹੋਣ ਦੀ ਪਰੰਪਰਾ ਦੇ ਸਿਲਸਿਲੇ ਦੀ ਕੜੀ ਹੈ। ਇਸ ਦੌਰੇ ਨਾਲ ਭਾਰਤ-ਰੂਸ ਦੀ ਵਿਸ਼ੇਸ਼ ਅਧਿਕਾਰ ਪ੍ਰਾਪਤ ਰਣਨੀਤਕ ਭਾਈਵਾਲੀ ਨੂੰ ਹੋਰ ਹੁਲਾਰਾ ਮਿਲੇਗਾ।

ਨਵੀਂ ਦਿੱਲੀ
26 ਨਵੰਬਰ, 2021

DISCLAIMER: This is an approximate translation. The original is available in English on MEA's website and may be referred to as the official press release.